Australian Government
Australian Small Business and Family Enterprise Ombudsman

# MEDIA RELEASE

# ਲੋਕਪਾਲ ਨੇ ਰਾਸ਼ਟਰਮੰਡਲ ਦੁਆਰਾ ਕੀਤੀਜਾਂਦੀ ਖ਼ਰੀਦਦਾਰੀ ਦੀ ਜਾਂਚ ਦੀ ਸ਼ੁਰੂਆਤ ਕੀਤੀ ਹੈ

30 ਮਾਰਚ 2023

ਆਸਟ੍ਰੇਲੀਆ ਦੇਛੋਟੇ ਕਾਰੋਬਾਰ ਅਤੇ ਪਰਿਵਾਰਕ ਵਪਾਰ ਦੇ ਲੋਕਪਾਲ ਬਰੂਸ ਬਿਲਸਨ ਨੇ ਰਾਸ਼ਟਰਮੰਡਲ ਦੇ ਖ਼ਰੀਦਦਾਰੀ ਨਿਯਮਾਂ ਵਿੱਚ ਸੁਧਾਰਾਂ ਦੇ ਛੋਟੇ ਕਾਰੋਬਾਰਾਂ 'ਤੇ ਪੈਣ ਵਾਲੇ ਪ੍ਰਭਾਵ ਦੀ ਜਾਂਚ ਕਰਨ ਲਈ ਜਾਂਚ ਦੀ ਸ਼ੁਰੂਆਤ ਕੀਤੀ ਹੈ।

ਵਿੱਤ ਮੰਤਰੀ ਕੈਟੀ ਗੈਲਾਗਰ ਨੇ ਇਸ ਜਾਂਚ ਨੂੰ ਲੋਕਪਾਲ ਕੋਲ ਭੇਜਿਆ ਸੀ।

2021-22 ਵਿੱਚ, ਆਸਟ੍ਰੇਲੀਆ ਦੀ ਸਰਕਾਰ ਨੇ 80.8 ਬਿਲੀਅਨ ਡਾਲਰ ਦੀਖ਼ਰੀਦਦਾਰੀ ਦੇ ਇਕਰਾਰਨਾਮੇ ਜਾਰੀ ਕੀਤੇ, ਜਿਸ ਵਿੱਚੋਂ 30.8% ਜਾਂ ਮੁੱਲ ਦੇ ਹਿਸਾਬ ਨਾਲ 25 ਬਿਲੀਅਨ ਡਾਲਰ ਤੋਂ ਥੋੜ੍ਹੇ ਘੱਟ, ਛੋਟੇ ਅਤੇ ਦਰਮਿਆਨੇ ਆਕਾਰ ਦੇ ਉਦਯੋਗਾਂ ਨੂੰ ਦਿੱਤੇ ਗਏ ਸਨ।

ਸ਼੍ਰੀਮਾਨ ਬਿਲਸਨ ਨੇ ਕਿਹਾ, "ਆਸਟ੍ਰੇਲੀਆ ਦੀ ਸਰਕਾਰ ਦੀ ਵਚਨਬੱਧਤਾ ਕਿ ਛੋਟੇ ਕਾਰੋਬਾਰਾਂ ਨੂੰ ਵੱਡਾ ਗਾਹਕ ਬਨਾਉਣਾਹੈ, ਵੇਖਣ ਨੂੰ ਬਹੁਤ ਵਧੀਆ ਲੱਗਦਾ ਹੈ"।

"ਪਰ ਬਹੁਤ ਸਾਰੇ ਛੋਟੇ ਅਤੇ ਪਰਿਵਾਰਕ ਕਾਰੋਬਾਰਾਂ ਵਾਸਤੇ, ਰਾਸ਼ਟਰਮੰਡਲ ਖ਼ਰੀਦਦਾਰੀ ਦੇ ਇਕਰਾਰਨਾਮਿਆਂ ਦੀ ਪਛਾਣ ਕਰਨਾ ਅਤੇ ਇਹਨਾਂ ਨੂੰ ਹਾਸਲ ਕਰਨਾ ਗੁੰਝਲਦਾਰ, ਮਹਿੰਗਾ, ਭੰਬਲਭੂਸੇ ਵਿੱਚ ਪਾਉਣ ਵਾਲਾ ਅਤੇ ਸਮਾਂ ਖਪਤ ਕਰਨ ਵਾਲਾ ਹੋ ਸਕਦਾ ਹੈ।

"ਛੋਟੇ ਅਤੇ ਪਰਿਵਾਰਕ ਕਾਰੋਬਾਰਾਂ ਵਾਸਤੇ ਮੁਕਾਬਲਾ ਕਰਨ ਅਤੇ ਆਸਟ੍ਰੇਲੀਆ ਦੀ ਸਰਕਾਰ ਨੂੰ ਲੋੜੀਂਦੀਆਂ ਵਸਤੂਆਂ ਅਤੇ ਸੇਵਾਵਾਂ ਦੀ ਪੂਰਤੀ ਕਰਨ ਵਿੱਚ ਪੂਰੀ ਤਰ੍ਹਾਂ ਹਿੱਸੇਦਾਰੀ ਕਰਨ ਦੇ ਮੌਕਿਆਂ ਦਾ ਸਮਰਥਨ ਕਰਨਾ, ਪੈਸੇ ਦਾ ਸੰਪੂਰਨ ਮੁੱਲ, ਆਰਥਿਕਤਾ ਵਿੱਚ ਸਜੀਵਤਾ, ਸਥਾਨਕ ਕਾਰੋਬਾਰਾਂ ਨੂੰ ਤਰੱਕੀ ਕਰਨ ਲਈ ਸਹਾਇਤਾ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਕਾਢਾਂ ਕੱਢਣ ਯੋਗ ਬਣਾ ਸਕਦਾ ਹੈ।

"ਜਿੱਥੇ ਖ਼ਰੀਦਦਾਰੀ ਵਿੱਚ ਰੁਕਾਵਟਾਂ ਆਉਂਦੀਆਂ ਹਨ, ਇਹ ਉੱਦਮਤਾ ਅਤੇ ਮੁਕਾਬਲੇ ਨੂੰ ਉਤਸ਼ਾਹਤ ਕਰਨ ਦੇ ਮੌਕਿਆਂ ਨੂੰ ਘਟਾ ਸਕਦੀਆਂਹਨ ਅਤੇ ਇਸਦਾ ਮਤਲਬ ਹੈ ਕਿ ਕਰ ਦੇਣ ਵਾਲਿਆਂ ਅਤੇ ਦੇਸ਼ ਨੂੰ ਪੈਸੇ ਦਾ ਸਭ ਤੋਂ ਵੱਧ ਮੁੱਲ ਨਹੀਂ ਮਿਲ ਰਿਹਾ ਹੈ।

"ਇਹ ਜਾਂਚ ਕਰਨ ਦਾ ਸਮਾਂ ਹੈ ਕਿ ਪ੍ਰਣਾਲੀ ਛੋਟੇ ਅਤੇ ਪਰਿਵਾਰਕ ਕਾਰੋਬਾਰਾਂ ਲਈ ਕਿਵੇਂ ਕੰਮ ਕਰ ਰਹੀ ਹੈ, ਛੋਟੇ ਕਾਰੋਬਾਰਾਂ ਦੀਹਿੱਸੇਦਾਰੀ ਦਾ ਸਮਰਥਨ ਕਰਨ ਲਈ ਖ਼ਰੀਦਦਾਰੀ ਦੇ ਨਿਯਮ ਆਪਣੀ ਭੂਮਿਕਾ ਨਿਭਾ ਰਹੇ ਹਨ ਅਤੇ ਕਿਹੜੇ ਸਬਕ ਸਿੱਖੇ ਅਤੇ ਸੁਧਾਰੇਜਾ ਸਕਦੇ ਹਨ।

"ਅਸੀਂ ਉਨ੍ਹਾਂ ਵਿਭਾਗਾਂ ਅਤੇ ਏਜੰਸੀਆਂ ਦੀ ਪਛਾਣ ਕਰਨਾ ਚਾਹੁੰਦੇ ਹਾਂ ਜੋ ਛੋਟੇ ਕਾਰੋਬਾਰਾਂ ਨੂੰ ਖ਼ਰੀਦਦਾਰੀ ਦੇ ਮੌਕੇ ਪ੍ਰਦਾਨ ਕਰਨ ਅਤੇ ਇਸ ਸਫ਼ਲਤਾ ਦਾ ਜਸ਼ਨ ਮਨਾਉਣ ਅਤੇ ਦੂਜਿਆਂ ਨੂੰ ਇਸ ਦੀ ਨਕਲ ਕਰਨ ਵਿੱਚ ਮਦਦ ਕਰਨ ਵਿੱਚ ਮਿਸਾਲ ਬਣੀਆਂ ਹਨ।

# MEDIA RELEASE

"ਇਸੇ ਤਰ੍ਹਾਂ, ਅਸੀਂ ਉਨ੍ਹਾਂ 'ਤੇ ਚਾਨਣਾ ਪਾਉਣਾ ਚਾਹੁੰਦੇ ਹਾਂ ਜਿਨ੍ਹਾਂ ਦਾ ਛੋਟੇ ਕਾਰੋਬਾਰਾਂ ਨਾਲ ਲੈਣ-ਦੇਣ ਮਾੜਾ ਹੈ।

ਲੋਕਪਾਲ, ਰਾਸ਼ਟਰਮੰਡਲ ਖ਼ਰੀਦਦਾਰੀ ਵਿੱਚ 1 ਜੁਲਾਈ 2022 ਦੀਆਂ ਤਬਦੀਲੀਆਂ ਨੂੰ ਲਾਗੂ ਕਰਨ ਦੀ ਸਮੀਖਿਆ ਕਰੇਗਾ, ਅਤੇ ਇਹਨਾਂ ਤਬਦੀਲੀਆਂ ਦੇ ਉਹਨਾਂ ਛੋਟੇ ਕਾਰੋਬਾਰਾਂ 'ਤੇ ਪੈਣ ਵਾਲੇ ਪ੍ਰਭਾਵ ਦੀ ਸਮੀਖਿਆ ਕਰੇਗਾ ਜੋ ਰਾਸ਼ਟਰਮੰਡਲ ਖ਼ਰੀਦਦਾਰੀ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਹਨ।

ਲੋਕਪਾਲ ਮੁੱਦਿਆਂ ਵਾਲਾ ਦਸਤਾਵੇਜ਼ ਜਾਰੀ ਕਰਨ ਦਾ ਇਰਾਦਾ ਰੱਖਦਾ ਹੈ ਅਤੇ ਛੋਟੇ ਕਾਰੋਬਾਰਾਂ ਅਤੇ ਹੋਰ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨੂੰ ਲਿਖਤੀ ਬੇਨਤੀਆਂ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ ਜਿੰਨ੍ਹਾਂ ਨੂੰ 1 ਜੁਲਾਈ 2023 ਤੱਕ inquiries@asbfeo.gov.au ਨੂੰ ਭੇਜਿਆ ਜਾਣਾ ਚਾਹੀਦਾ ਹੈ।

ਸਿਫਾਰਸ਼ਾਂ ਵਾਲੀ ਅੰਤਿਮ ਰਿਪੋਰਟ ਦਸੰਬਰ ਵਿੱਚ ਆਸਟ੍ਰੇਲੀਆ ਦੀ ਸਰਕਾਰ ਨੂੰ ਦਿੱਤੀ ਜਾਵੇਗੀ।

ਸ੍ਰੀ ਬਿਲਸਨ ਨੇ ਕਿਹਾ ਕਿ ਸਮੀਖਿਆ ਵਿੱਚ ਰਾਸ਼ਟਰਮੰਡਲ ਖ਼ਰੀਦਦਾਰੀ ਦੇ ਨਿਯਮਾਂ ਅਤੇ ਛੋਟੇ ਕਾਰੋਬਾਰਾਂ ਦੀਹਿੱਸੇਦਾਰੀ ਨੂੰ ਹੁਲਾਰਾ ਦੇਣ ਲਈ ਪ੍ਰਕਿਰਿਆਵਾਂ ਵਿੱਚ ਵਾਧੂ ਤਬਦੀਲੀਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਮੀਖਿਆ ਵਿੱਚ ਔਸਟੈਂਡਰ (AusTender),, ਕਾਮਨਵੈਲਥ ਕੰਟਰੈਕਟਿੰਗ ਸੂਟ (Commonwealth Contracting Suite)ਦੀ ਪ੍ਰਭਾਵਸ਼ੀਲਤਾ, ਛੋਟੇ ਕਾਰੋਬਾਰਾਂ ਦੀ ਪਛਾਣ ਕਰਨ ਦੀਆਂ ਵਿਧੀਆਂ, ਅਤੇ ਛੋਟੇ ਕਾਰੋਬਾਰਾਂ ਨੂੰ ਵੱਡੇ ਅਤੇ ਬਹੁ-ਪੱਖੀ ਇਕਰਾਰਨਾਮਿਆਂ ਲਈ ਬੋਲੀ ਲਗਾਉਣ ਲਈ ਇਕੱਠੇ ਹੋਣ ਦੇ ਯੋਗ ਬਣਾਉਣ ਲਈ ਹੋਰ ਉਪਾਵਾਂ ਅਤੇ ਛੋਟੇ ਕਾਰੋਬਾਰਾਂ ਲਈ ਰੋਲਿੰਗ ਸ਼ਾਰਟ-ਲਿਸਟਿਡ (rolling short-listed) ਪ੍ਰਦਾਤਾ 'ਪੈਨਲ'ਕਿੰਨੇ ਪਹੁੰਚਯੋਗ ਹਨ, ਦੀ ਵੀ ਜਾਂਚ ਕੀਤੀ ਜਾਵੇਗੀ।

ਸ੍ਰੀ ਬਿਲਸਨ ਨੇ ਕਿਹਾ ਕਿ ਛੋਟੇ ਕਾਰੋਬਾਰਾਂ ਦੁਆਰਾ ਅਕਸਰ ਵਿਸ਼ੇਸ਼ ਚਿੰਤਾ ਇਹ ਦੱਸੀ ਜਾਂਦੀ ਹੈ ਕਿ ਸਰਕਾਰੀ ਠੇਕਿਆਂ ਬਾਰੇ ਕਿਵੇਂ ਜਾਣਨਾ ਹੈ, ਅਤੇ ਟੈਂਡਰ ਕਿਵੇਂ ਕਰਨਾਹੈ।

ਉਨ੍ਹਾਂ ਨੇ ਕਿਹਾ"ਅਸੀਂ ਇਹ ਦੇਖਣਾ ਚਾਹੁੰਦੇ ਹਾਂ ਕਿ ਛੋਟੇ ਕਾਰੋਬਾਰਾਂ ਨੂੰ ਜਾਣਕਾਰੀ ਪ੍ਰਾਪਤ ਕਰਨ ਲਈ ਕਿਹੜੀ ਸਹਾਇਤਾ ਦਿੱਤੀ ਜਾਂਦੀ ਹੈ ਜੋ ਕਿ ਖ਼ਰੀਦਦਾਰੀ ਦੀ ਗੁੰਝਲਦਾਰ ਪ੍ਰਕਿਰਿਆ ਹੋ ਸਕਦੀ ਹੈ"।

"ਕੁਝ ਮਾਮਲਿਆਂ ਵਿੱਚ, ਛੋਟੇ ਕਾਰੋਬਾਰ ਇਸ ਅਹਿਸਾਸ ਤੋਂ ਪ੍ਰੇਰਿਤ ਹੁੰਦੇ ਹਨ ਕਿ ਇਹਇਕ 'ਬੰਦ ਦੁਕਾਨ'ਹੈ, ਜਦੋਂ ਕਿ ਹੋਰ ਮਾਮਲਿਆਂ ਵਿੱਚ ਉਹ ਉਪਲਬਧ ਮੌਕਿਆਂ ਬਾਰੇ ਨਹੀਂ ਜਾਣਦੇ, ਜਾਂ ਇਕਰਾਰਨਾਮੇ ਦਾ ਆਕਾਰ ਬਹੁਤ ਵੱਡਾ ਹੋ ਸਕਦਾ ਹੈ।

ਸ੍ਰੀ ਬਿਲਸਨ ਨੇ ਕਿਹਾ ਕਿ ਉਹ ਖਾਸ ਤੌਰ 'ਤੇ ਇਹ ਪਤਾ ਲਗਾਉਣਾ ਚਾਹੁੰਦੇ ਹਨ ਕਿ ਕੀ ਸਮਰੱਥਾ-ਨਿਰਮਾਣ ਵਾਲੇ ਇਕਰਾਰਨਾਮਿਆਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ ਜੋ ਛੋਟੇ ਕਾਰੋਬਾਰਾਂ ਨੂੰ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਇਕਰਾਰਨਾਮਿਆਂ ਤੋਂ ਸੱਚਮੁੱਚ ਲਾਭ ਲੈਣ ਦੇ ਯੋਗ ਬਣਾਉਣਗੇ।

ਸੰਦਰਭ ਦੀਆਂ ਮੱਦਾਂ ਨਾਲ ਨੱਥੀ ਹਨ ਜਾਂ ਸਾਡੀ ਵੈੱਬਸਾਈਟ 'ਤੇ ਉਪਲਬਧ ਹਨ।

ਮੀਡੀਆ ਸੰਪਰਕ: 0448 467 178

# ਸੰਦਰਭ ਦੀਆਂ ਸ਼ਰਤਾਂ: ਰਾਸ਼ਟਰਮੰਡਲ ਖ਼ਰੀਦਦਾਰੀਦੇ ਨਿਯਮਾਂ ਵਿੱਚ 1 ਜੁਲਾਈ 2022 ਦੀਆਂ ਤਬਦੀਲੀਆਂ ਨੂੰ ਲਾਗੂ ਕਰਨ ਦੀ ਸਮੀਖਿਆ

**ਸਮੀਖਿਆ ਦਾ ਪ੍ਰਸੰਗ**

ਬਹੁਤ ਸਾਰੇ ਛੋਟੇ ਕਾਰੋਬਾਰਾਂ ਵਾਸਤੇ, ਰਾਸ਼ਟਰਮੰਡਲ ਖ਼ਰੀਦਦਾਰੀ ਦੇ ਇਕਰਾਰਨਾਮਿਆਂ ਦੀ ਪਛਾਣ ਕਰਨ ਅਤੇ ਇਹਨਾਂ ਨੂੰ ਹਾਸਲ ਕਰਨ ਵਿੱਚ ਸ਼ਾਮਲ ਪ੍ਰਕਿਰਿਆਵਾਂ ਗੁੰਝਲਦਾਰ, ਮਹਿੰਗੀਆਂ ਅਤੇ ਸਮਾਂ-ਖਪਤ ਕਰਨ ਵਾਲੀਆਂ ਹੋ ਸਕਦੀਆਂ ਹਨ। ਰਾਸ਼ਟਰਮੰਡਲ ਖ਼ਰੀਦਦਾਰੀ ਦੀਆਂ ਪ੍ਰਕਿਰਿਆਵਾਂ ਵਿੱਚ ਸੁਧਾਰ ਕਰਨਾ ਛੋਟੇ ਕਾਰੋਬਾਰਾਂ ਲਈ ਵਿਕਾਸ ਦੇ ਮੌਕਿਆਂ ਦਾ ਵਿਸਥਾਰ ਕਰਨ, ਉੱਦਮਤਾ ਨੂੰ ਉਤਸ਼ਾਹਿਤ ਕਰਨ, ਮੁਕਾਬਲਾ ਵਧਾਉਣ, ਦੇਸ਼ ਦੀਪ੍ਰਭੂਸੱਤਾ ਸਮਰੱਥਾ ਨੂੰ ਮਜ਼ਬੂਤ ਕਰਨਅਤੇ ਕਰ ਦੇਣ ਵਾਲਿਆਂ ਲਈ ਪੈਸੇ ਦਾ ਵੱਧ ਤੋਂ ਵੱਧ ਮੁੱਲ ਵਧਾਉਣ ਦੀ ਸੰਭਾਵਨਾ ਹੈ।

ਹੱਲ ਕਰਨ ਵਾਲੇ ਮੁੱਦਿਆਂ ਵਿੱਚ ਇਹ ਸ਼ਾਮਲ ਹਨ:

- ਗੁੰਝਲਦਾਰ ਪ੍ਰਕਿਰਿਆਵਾਂ ਜੋ ਪਹਿਲਾਂ ਤੋਂ ਲਈ ਗਈ ਮੁਹਾਰਤ ਤੋਂ ਬਿਨਾਂ ਜਾਣਕਾਰੀ ਲੱਭਣ ਲਈ ਚੁਣੌਤੀਪੂਰਨ ਹਨ
- ਭਵਿੱਖ ਵਿੱਚ ਆਉਣ ਵਾਲੇ ਕੰਮਾਂ ਅਤੇ ਸੀਮਤ ਟੈਂਡਰਾਂ ਦੀ ਵਰਤੋਂ ਬਾਰੇ ਪਾਰਦਰਸ਼ਤਾ ਅਤੇ ਸੰਚਾਰ ਵਿੱਚ ਵਾਧਾ ਕਰਨਾ
- ਇਕੱਠੇ ਕੀਤੇ ਖ਼ਰੀਦਦਾਰੀ ਦੇ ਇਕਰਾਰਨਾਮੇ ਜਾਂ ਵੱਡੇ ਕੰਮਾਂ ਦੇ ਪੈਕੇਜ ਜੋ ਛੋਟੇ ਕਾਰੋਬਾਰਾਂ ਵਾਸਤੇ ਟੈਂਡਰਾਂ ਲਈ ਮੁਕਾਬਲਾ ਕਰਨਾ ਮੁਸ਼ਕਿਲ ਬਣਾ ਦਿੰਦੇ ਹਨ
- ਬੇਲੋੜੀਆਂਨਿਰਦੇਸ਼ਾਤਮਕ ਇਕਰਾਰਨਾਮਿਆਂ ਦੀਆਂ ਲੋੜਾਂ ਜੋ ਖ਼ਰੀਦਦਾਰੀ ਦੇ ਮੌਕਿਆਂ ਤੱਕ ਛੋਟੇ ਕਾਰੋਬਾਰਾਂ ਦੀ ਪਹੁੰਚ ਵਿੱਚ ਰੁਕਾਵਟ ਬਣਦੀਆਂ ਹਨ
- ਸਾਰੇ ਰਾਸ਼ਟਰਮੰਡਲ ਵਿੱਚ ਬਹੁਤ ਸਾਰੇ ਪੈਨਲ ਅਤੇ ਟੈਡਰਾਂ ਦੀ ਪੇਸ਼ਕਸ਼ ਦੇ ਇੰਤਜ਼ਾਮ; ਸਾਰੀਆਂਅਰਜ਼ੀਆਂ ਦੀਆਂ ਵੱਖ-ਵੱਖ ਲੋੜਾਂ ਦੇ ਨਾਲ (ਇਹਨਾਂ ਪੈਨਲਾਂ ਤੱਕ ਪਹੁੰਚਣ ਲਈ), ਅਤੇ ਅਦਾਰਿਆਂ ਵਿਚਕਾਰ 'ਨਾਲ ਲੈ ਕੇ ਚੱਲਣ ਵਾਲੇ (ਪਿਗੀਬੈਕਿੰਗ)' ਵੱਖ-ਵੱਖਇੰਤਜ਼ਾਮਾਂ ਦੇ ਨਾਲ।

ਵਿੱਤ ਮੰਤਰੀ, ਸੈਨੇਟਰ ਮਾਣਯੋਗ ਕੈਟੀ ਗੈਲਾਗਰ ਅਤੇ ਛੋਟੇ ਕਾਰੋਬਾਰਾਂ ਦੇ ਮੰਤਰੀ, ਮਾਣਯੋਗ ਜੂਲੀ ਕੋਲਿਨਜ਼, ਸੰਸਦ ਮੈਂਬਰ ਨੇ 1 ਜੁਲਾਈ 2022 ਨੂੰ ਰਾਸ਼ਟਰਮੰਡਲ ਖਰੀਦਦਾਰੀ ਦੇ ਨਿਯਮਾਂ (CPRs) ਵਿੱਚ ਤਬਦੀਲੀਆਂ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਸੀ। ਇਹ ਤਬਦੀਲੀਆਂ ਰਾਸ਼ਟਰਮੰਡਲ ਦੁਆਰਾ ਖ਼ਰੀਦਦਾਰੀ ਵਿੱਚ ਛੋਟੇ ਅਤੇ ਦਰਮਿਆਨੇ ਉੱਦਮਾਂ (SMEs) ਦੀ ਹਿੱਸੇਦਾਰੀ ਨੂੰ ਵਧਾਉਣ ਲਈ ਤਿਆਰ ਕੀਤੀਆਂ ਗਈਆਂ ਸਨ।

16 ਫਰਵਰੀ 2023 ਨੂੰ ਵਿੱਤ ਮੰਤਰੀ ਨੇ ਲੋਕਪਾਲ ਨੂੰ ਚਿੱਠੀ ਲਿਖ ਕੇ ਲੋਕਪਾਲ ਨੂੰ ਬੇਨਤੀ ਕੀਤੀ ਸੀ ਕਿ ਉਹ CPRs ਵਿੱਚ ਤਬਦੀਲੀਆਂ ਨੂੰ ਲਾਗੂ ਕਰਨ ਦੇ ਨਾਲ-ਨਾਲਰਾਸ਼ਟਰਮੰਡਲ ਦੁਆਰਾ ਖ਼ਰੀਦਦਾਰੀ ਵਿੱਚ ਹਿੱਸਾ ਲੈਣ ਵਾਲੇ ਛੋਟੇ ਕਾਰੋਬਾਰਾਂ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਸਮੀਖਿਆ ਕਰੇ। ਇਸਤੋਂ ਇਲਾਵਾ, ਵਿੱਤ ਮੰਤਰੀ ਨੇ ਲੋਕਪਾਲ ਨੂੰ ਬੇਨਤੀ ਕੀਤੀ ਕਿ ਉਹ ਆਸਟ੍ਰੇਲੀਆਦੀਆਂ ਬਣੀਆਂ ਚੀਜ਼ਾਂ ਦੀ ਖਰੀਦ ਯੋਜਨਾ ਨੂੰ ਲਾਗੂ ਕਰਨ ਬਾਰੇ ਲੱਭਤਾਂ ਦੇ ਪ੍ਰਭਾਵਾਂ 'ਤੇ ਵਿਚਾਰ ਕਰਨ।

# MEDIA RELEASE

**ਉਦੇਸ਼**

CPRsਵਿੱਚ1 ਜੁਲਾਈ 2022 ਦੀਆਂ ਤਬਦੀਲੀਆਂ ਨੂੰ ਲਾਗੂ ਕਰਨ ਅਤੇ ਰਾਸ਼ਟਰਮੰਡਲ ਦੀਆਂ ਖ਼ਰੀਦਦਾਰੀ ਸਰਗਰਮੀਆਂ ਵਿੱਚ ਹਿੱਸਾ ਲੈਣਵਾਲੇ ਛੋਟੇ ਕਾਰੋਬਾਰਾਂ'ਤੇ ਇਹਨਾਂ ਤਬਦੀਲੀਆਂ ਦੇ ਪ੍ਰਭਾਵ, ਦੋਨਾਂ ਦੀ ਸਮੀਖਿਆ ਕਰਨਾ। ਇਹ ਸਮੀਖਿਆ ਆਸਟ੍ਰੇਲੀਆ ਦੀ ਸਰਕਾਰ ਦੁਆਰਾ ਵਿਚਾਰੇ ਜਾਣ ਵਾਸਤੇ CPRs ਜਾਂ ਇਸ ਨਾਲ ਸਬੰਧਿਤ ਢਾਂਚੇਵਿੱਚ ਤਬਦੀਲੀਆਂ ਦੀ ਸਿਫਾਰਸ਼ ਕਰੇਗੀ।

**ਸਮੀਖਿਆ ਦਾ ਖੇਤਰ**

ਸਮੀਖਿਆ ਕਰਦੇ ਸਮੇਂ, ਆਸਟ੍ਰੇਲੀਆ ਦਾ ਛੋਟੇ ਕਾਰੋਬਾਰ ਅਤੇ ਪਰਿਵਾਰਕ ਵਪਾਰ ਦਾ ਲੋਕਪਾਲ(ਲੋਕਪਾਲ) ਇਹ ਸਭ ਕਰੇਗਾ:

1. ਮੁਲਾਂਕਣ ਕਰਨਾ ਕਿ ਖਰੀਦ ਏਜੰਸੀਆਂ ਦੁਆਰਾ ਸੁਧਾਰਾਂ ਨੂੰ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਅਪਣਾਇਆ ਜਾ ਰਿਹਾ ਹੈ, ਇਹ ਪਛਾਣ ਕਰਦੇ ਹੋਏ:
   - i. ਵਰਤਮਾਨ ਰਿਪੋਰਟ ਕਰਨ ਵਾਲੇ SMEs ਸਮੂਹਾਂ ਨੂੰ ਇਕੱਠਿਆਂ ਨੋਟ ਕਰਦੇ ਹੋਏ, ਕਿੰਨ੍ਹੇ ਕੁ ਛੋਟੇ ਕਾਰੋਬਾਰ ਖ਼ਰੀਦਦਾਰੀ ਦੇ ਮੌਕਿਆਂ ਨੂੰ ਹਾਸਲ ਕਰ ਰਹੇ ਹਨ ਅਤੇ ਇਹਨਾਂ ਨੂੰ ਬਣਾਈ ਰੱਖ ਰਹੇ ਹਨ। ਅਰਥਾਤ, 200 ਤੋਂ ਘੱਟ ਪੂਰੇ-ਸਮੇਂ ਦੇ ਕਰਮਚਾਰੀਆਂ ਵਾਲੇ ਰੁਜ਼ਗਾਰਦਾਤੇ
   - ii. ਜਿਸ ਹੱਦ ਤੱਕ:
     - a. ਵੱਡੇ ਪ੍ਰੋਜੈਕਟਾਂ ਨੂੰ ਅਲੱਗ-ਅਲੱਗ ਕੀਤਾ ਗਿਆ ਹੈ
     - b. ਛੋਟੇ ਕਾਰੋਬਾਰ ਵਿੱਚ ਹਿੱਸੇਦਾਰੀ ਨੂੰ ਸੁਵਿਧਾਜਨਕ ਬਣਾਉਣ ਲਈ ਬੀਮੇ ਦੇ ਪ੍ਰਬੰਧ ਸਹੀ ਆਕਾਰ ਦੇ ਹੁੰਦੇ ਹਨ
     - c. 500,000 ਡਾਲਰ ਤੱਕ ਦੇ ਰੱਖਿਆ ਬਲਾਂ ਦੇ ਠੇਕਿਆਂ ਲਈ ਟੈਂਡਰ SMEs ਤੱਕ ਸੀਮਿਤ ਕਰ ਦਿੱਤੇ ਗਏ ਹਨ।
   - iii. ਸੋਧੇ ਹੋਏ/ਨਵਿਆਏ ਗਏ CPRs ਅਤੇ ਇਕਰਾਰਨਾਮੇ ਦੀਆਂ ਪਹੁੰਚਾਂ ਨੂੰ ਲਾਗੂ ਕਰਨ ਸਮੇਤ ਮਿਸਾਲੀ ਅਭਿਆਸਾਂ ਅਤੇ ਏਜੰਸੀਆਂ ਦੀ ਕਾਰਗੁਜ਼ਾਰੀ
   - iv. ਸੋਧੇ ਹੋਏ/ਨਵਿਆਏ ਗਏCPRs ਦੇ ਲਾਗੂਕਰਨ ਵਿੱਚ ਸਹਾਇਤਾ/ਵਾਧਾ ਕਰਨ ਲਈ ਸਮੁੱਚੀ-ਸਰਕਾਰ ਦੇ ਮਾਰਗ-ਦਰਸ਼ਨ ਉਤਪਾਦਾਂ ਅਤੇ ਅੰਦਰੂਨੀ ਪ੍ਰਕਿਰਿਆਵਾਂ (ਏਜੰਸੀਆਂ ਅਤੇ ਉਹਨਾਂ ਦੇ ਅਧਿਕਾਰੀਆਂ ਵਾਸਤੇ) ਵਿੱਚ ਸੁਧਾਰ ਕਰਨ ਦੇ ਮੌਕੇ।
2. ਔਸਟੈਂਡਰ, ਕਾਮਨਵੈਲਥ ਕੰਟਰੈਕਟਿੰਗ ਸੂਟ ਦੀ ਉਪਯੋਗਤਾ ਅਤੇ ਪ੍ਰਭਾਵਸ਼ੀਲਤਾ ਦੀ ਜਾਂਚ ਕਰਨਾ, ਛੋਟੇ ਕਾਰੋਬਾਰਾਂ ਦੀ ਪਛਾਣ ਕਰਨ ਲਈ ਵਿਧੀਆਂ, ਅਤੇ ਛੋਟੇ ਕਾਰੋਬਾਰਾਂ ਨੂੰ ਵੱਡੇ ਅਤੇ ਬਹੁ-ਪੱਖੀ ਇਕਰਾਰਨਾਮਿਆਂ ਲਈ ਬੋਲੀ ਲਗਾਉਣ ਲਈ ਇਕੱਠੇ ਹੋਣ ਦੇ ਯੋਗ ਬਣਾਉਣ ਲਈ ਹੋਰ ਉਪਾਅ ਅਤੇ ਛੋਟੇ ਕਾਰੋਬਾਰਾਂ ਲਈ ਰੋਲਿੰਗ ਸ਼ਾਰਟ-ਲਿਸਟਿਡ ਪ੍ਰਦਾਤਾ 'ਪੈਨਲ' ਕਿੰਨੇ ਪਹੁੰਚਯੋਗ ਹਨ।

3. ਇਸ ਗੱਲ 'ਤੇ ਵਿਚਾਰ ਕਰਨਾ ਕਿ CPRs ਵਿੱਚ ਤਬਦੀਲੀਆਂ ਹੇਠ ਲਿਖਿਆਂ 'ਤੇ ਕਿਸ ਹੱਦ ਤੱਕ ਅਸਰ ਕਰਦੀਆਂ ਹਨ:
    i. SMEs ਨੂੰ ਰਾਸ਼ਟਰਮੰਡਲ ਖ਼ਰੀਦਦਾਰੀਆਂ ਵਿੱਚ ਹਿੱਸਾ ਲੈਣ ਵਿੱਚ ਮਦਦ ਕਰਨਾ
    ii. ਉਹਨਾਂ ਕਾਰੋਬਾਰਾਂ ਵਾਸਤੇ ਮੌਕਿਆਂ ਵਿੱਚ ਵਾਧਾ ਕਰਨਾ ਜੋ ਵਰਤਮਾਨ ਸਮੇਂ ਹਿੱਸਾ ਨਹੀਂ ਲੈਂਦੇ, ਜਿਸ ਵਿੱਚ ਟੈਂਡਰ ਅਤੇ ਇਕਰਾਰਨਾਮੇ ਦੀਆਂ ਪ੍ਰਕਿਰਿਆਵਾਂ ਦੌਰਾਨ ਨਿਯਮਾਂ ਅਤੇ ਤਜ਼ਰਬਿਆਂ ਬਾਰੇ ਉਹਨਾਂ ਦੀ ਜਾਗਰੂਕਤਾ ਬਾਰੇ ਸਲਾਹ-ਮਸ਼ਵਰਾ ਕਰਨਾ ਵੀ ਸ਼ਾਮਲ ਹੈ।
4. ਸਮੀਖਿਆ ਦੀਆਂ ਲੱਭਤਾਂ ਬਾਰੇ ਫਿਊਚਰ ਮੇਡ ਇਨ ਆਸਟ੍ਰੇਲੀਆਦੇ ਦਫ਼ਤਰ ਨੂੰ ਆਪਣੇ ਵਿਚਾਰ ਪ੍ਰਦਾਨ ਕਰਵਾਉਣਾ, ਤਾਂ ਜੋ 'ਆਸਟ੍ਰੇਲੀਆ ਦੀਆਂ ਬਣੀਆਂ ਚੀਜ਼ਾਂ ਖਰੀਦੋ ਵਾਲੀ ਯੋਜਨਾ' ਦੇ ਤੀਸਰੇ ਨੁਕਤੇ ਨੂੰ ਲਾਗੂ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ।
5. ਵਿਚਾਰ ਕਰਨਾ ਕਿ ਔਰਤਾਂ, ਫਸਟ ਨੇਸ਼ਨਜ਼ ਦੇ ਲੋਕਾਂ ਅਤੇ ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵੰਨ-ਸੁਵੰਨੇ ਭਾਈਚਾਰਿਆਂ ਦੀ ਮਲਕੀਅਤ ਵਾਲੇ ਛੋਟੇ ਕਾਰੋਬਾਰਾਂ ਲਈ ਮੌਕਿਆਂ ਦਾ ਵਿਸਥਾਰ ਕਰਨ ਲਈ ਸੋਧੇ ਹੋਏ/ਨਵਿਆਏ ਗਏ CPRs ਦੇ ਲਾਗੂਕਰਨ ਨੂੰ ਕਿਵੇਂ ਵਧਾਇਆ ਜਾ ਸਕਦਾ ਹੈ।
6. ਸਮੀਖਿਆ ਦੁਆਰਾ ਸਾਹਮਣੇ ਆਏ ਕਿਸੇ ਵੀ ਹੋਰ ਸਬੰਧਿਤ ਮਾਮਲਿਆਂ 'ਤੇ ਵਿਚਾਰ ਕਰਨਾ।
7. ਕਰ ਦੇਣ ਵਾਲਿਆਂ ਲਈ ਪੈਸੇ ਦਾ ਮੁੱਲ ਪ੍ਰਦਾਨ ਕਰਦੇ ਹੋਏ ਅਤੇ ਦੇਸ਼ ਦੀ ਪ੍ਰਭੂਸੱਤਾ ਸਮਰੱਥਾ ਨੂੰ ਮਜ਼ਬੂਤ ਕਰਦੇ ਹੋਏ, ਛੋਟੇ ਕਾਰੋਬਾਰਾਂ ਲਈ CPRs ਅਤੇ ਖ਼ਰੀਦਦਾਰੀ ਦੇ ਅਭਿਆਸਾਂ ਦੇ ਸੰਚਾਲਨ ਵਿੱਚ ਸੁਧਾਰ ਲਈ ਹੋਰ ਸੰਭਾਵਿਤ ਤਬਦੀਲੀਆਂ ਦੀ ਸਿਫਾਰਸ਼ ਕਰਨਾ।

**ਸਲਾਹ-ਮਸ਼ਵਰਾ ਪ੍ਰਕਿਰਿਆ**

ਸਮੀਖਿਆ ਦੇ ਹਿੱਸੇ ਵਜੋਂ, ਲੋਕਪਾਲ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਨਾਲ ਗੱਲਬਾਤ ਕਰੇਗਾ, ਜਿਸ ਵਿੱਚ ਛੋਟੇ ਕਾਰੋਬਾਰ, ਉਹਨਾਂ ਦੇ ਸਲਾਹਕਾਰ ਅਤੇ ਪ੍ਰਤੀਨਿਧ, ਅਤੇ ਨਾਲ ਹੀ ਸਰਕਾਰ ਅਤੇ ਹੋਰ ਸਬੰਧਿਤ ਤੀਜੀਆਂ ਧਿਰਾਂ ਸ਼ਾਮਲ ਹਨ।

**ਸਮਾਂ ਸੀਮਾ**

ਲੋਕਪਾਲ ਜਿੰਨੀ ਜਲਦੀ ਸੰਭਵ ਹੋਵੇ ਸਮੀਖਿਆ ਸ਼ੁਰੂ ਕਰੇਗਾ ਅਤੇ 15 ਦਸੰਬਰ 2023 ਤੱਕ ਵਿੱਤ ਮੰਤਰੀ ਨੂੰ ਰਿਪੋਰਟ ਪ੍ਰਦਾਨ ਕਰੇਗਾ।